# ਸਹਜ ਕਥਾ ਪ੍ਰਭ ਕੀ ਅਤਿ ਮੀਠੀ

## ਸੂਹੀ ਮਹਲਾ ੫ ॥

## ਸੂਖ ਮਹਲ ਜਾ ਕੇ ਊਚ ਦੁਆਰੇ॥
## ਤਾ ਮਹਿ ਵਾਸਹਿ ਭਗਤ ਪਿਆਰੇ॥੧॥

ਇਹ ਸ਼ਬਦ, ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ, ਸੂਹੀ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ, ਜੋ, ਪੰਨਾ ੭੩੯ ਤੇ ਸੁਭਾਇਮਾਨ ਹੈ।

ਇਹ ਸ਼ਬਦ, ਅਤਿਅੰਤ ਉਚੀ ਅਧਿਆਤਮਕ ਅਵਸਥਾ ਅਤੇ ਖ਼ਾਸ ਸਥਾਨ ਬਾਰੇ ਬਿਆਨ ਕਰਦਾ ਹੈ। ਇਸ ਵਿਚ ਇਕ ਅਜਿਹੇ ਅਧਿਆਤਮਕ ਮੰਡਲ ਬਾਰੇ ਜ਼ਿਕਰ ਕੀਤਾ ਗਿਆ ਹੈ ਜੋ ਜਪੁ ਬਾਣੀ ਵਿਚ ਕਰਮ ਖੰਡ ਦਸਿਆ ਗਿਆ ਹੈ। ਬੇਸ਼ੱਕ, ਪਾਤਸ਼ਾਹ ਨੇ ਇਸ ਸ਼ਬਦ ਵਿਚ ਅਤਿ ਉਚੇ ਅਧਿਆਤਮਕ ਮੰਡਲ ਬਾਰੇ ਸੰਕੇਤ ਦਿਤੇ ਹਨ ਪਰ ਇਨ੍ਹਾਂ ਸੰਕੇਤਾਂ ਨੂੰ ਸਮਝਣ ਲਈ, ਜਾਂ ਤਾਂ ਆਪਣੀ ਉਚੀ ਅਵੱਸਥਾ ਹੋਵੇ ਜਾਂ ਕਿਸੇ ਉਚੇ ਮੰਡਲ ਦੇ ਵਾਸੀ, ਮਹਾਤਮਾ, ਭਗਤ, ਸੰਤ, ਸਾਧੂ, ਹਰੀ ਦੇ ਜਨ, ਗੁਰਸਿਖ ਦੀ, ਨੇੜੇ ਦੀ, ਸੰਗਤਿ ਪ੍ਰਾਪਤ ਹੋਵੇ। ਇਹ ਵਿਦਵੱਤਾ ਜਾਂ ਤਰਕ (logic/reason) ਦਾ ਖੇਤਰ ਨਹੀਂ, ਕਿਉਂਕਿ, ਵਿਦਵਾਨ ਅਤੇ ਵਿਗਿਆਨੀ, ਦੋਵੇਂ, ਉਹੀ ਕੁਝ ਮੰਨਦੇ ਹਨ ਜੋ, ਸਿਰਫ਼ ਇਨ੍ਹਾਂ ਚਰਮ-ਚਖਸ਼ੂਆਂ ਨਾਲ ਅਨੁਭਵ ਕੀਤਾ ਜਾ ਸਕੇ।

ਜਦੋਂ, ਸ੍ਰੀ ਗੁਰੂ ਨਾਨਕ ਸਾਹਿਬ ਨੂੰ ਬਗ਼ਦਾਦ ਵਿਖੇ, ਪੀਰ ਦਸਤਗੀਰ ਨੇ ਜਪੁ ਬਾਣੀ ਵਿਚ ਬਿਆਨ ਕੀਤੇ ਲਖਾਂ ਆਕਾਸ਼ ਤੇ ਪਤਾਲ ਦੀ ਦਸੀ ਹੋਂਦ ਬਾਰੇ ਸ਼ੰਕਾ ਕੀਤਾ ਸੀ ਅਤੇ ਦਿਖਾਉਣ ਦੀ ਮੰਗ ਕੀਤੀ ਸੀ ਤਾਂ ਗੁਰੂ ਸਾਹਿਬ ਨੇ ਉਸ ਦੇ ਪੁਤਰ ਨੂੰ, ਇਹ ਕੁਝ, ਦਿਖਾਉਣਾ ਮੰਨ ਲਿਆ ਅਤੇ ਪੀਰ ਦੇ ਅਖ ਫ਼ੁਰਕ ਦੇ ਸਮੇਂ ਵਿਚ, ਉਸ ਦੇ ਪੁਤਰ ਨੂੰ ਲਖਾਂ ਅਕਾਸ਼ ਪਤਾਲ ਦਿਖਾ ਦਿਤੇ। ਅਖੌਤੀ ਬੁਧੀਜੀਵੀਆਂ ਦੇ ਮੂੰਹ ਬੰਦ ਕਰਣ ਲਈ, ਧੁਰ ਪਤਾਲ ਤੋਂ ਲਿਆ ਹੋਇਆ, ਕੜਾਹ ਪ੍ਰਸ਼ਾਦ ਦਾ ਕਚਕੌਲ, ਉਸ ਦੇ ਹਥਾਂ ਵਿਚ ਸੀ, ਜਿਸ ਕਰਕੇ, ਪੀਰ ਸਮੇਤ ਸਭ ਦੇ, ਮੂੰਹ ਬੰਦ ਹੋ ਗਏ। ਭਾਈ ਗੁਰਦਾਸ ਜੀ ਅਨੁਸਾਰ, ਇਹ ਜ਼ਾਹਰ ਕਲਾ ਸੀ, ਜੋ ਛੁਪਾਇਆਂ ਛੁਪ ਨਹੀਂ ਸਕਦੀ - 'ਨਾਲਿ ਲੀਤਾ ਬੇਟਾ ਪੀਰ ਦਾ ਅਖੀ ਮੀਟ ਗਇਆ ਹਵਾਈ॥ ਲਖ ਆਕਾਸ ਪਤਾਲ ਲਖ ਅਖਿ ਫੁਰੰਕ ਵਿਚਿ ਸਭਿ ਦਿਖਲਾਈ॥ ਭਰਿ ਕਚਕੌਲ ਪ੍ਰਸਾਦਿ ਦਾ ਧੁਰੋ ਪਤਾਲੋ ਲਈ ਕੜਾਹੀ॥ ਜਾਹਰ ਕਲਾ ਨ ਛਪੈ ਛਪਾਈ॥', ਵਾਰ ੧:੩੬

ਇਸੇ ਤਰ੍ਹਾਂ, ਭਗਤਾਂ ਦੇ ਵੀ, ਇਸ ਧਰਤੀ ਤੋਂ ਇਲਾਵਾ, ਹੋਰ ਵੀ ਮੰਡਲ ਹੁੰਦੇ ਹਨ। ਅਜਿਹੇ ਇਕ ਮੰਡਲ ਦੀ ਗਲ ਸ੍ਰੀ ਗੁਰੂ ਨਾਨਕ ਸਾਹਿਬ ਨੇ ਜਪੁ ਬਾਣੀ ਵਿਚ ਵੀ ਕਹੀ ਹੈ, ਜਿਸ ਨੂੰ, ਵਿਦਵਾਨ, ਚੌਥਾ ਖੰਡ ਮਾਤਰ, ਕਹਿ ਕੇ ਸਾਰ ਦਿੰਦੇ ਹਨ। ਗੁਰੂ ਸਾਹਿਬ ਨੇ ਇਸ ਮੰਡਲ ਵਿਚ, ਧਰਤੀ ਤੋਂ ਇਲਾਵਾ ਹੋਰ ਅਨੇਕਾਂ ਮੰਡਲਾਂ ਦੇ ਭਗਤਾਂ ਦੇ, ਵਸਣ ਦੀ ਗਲ ਦਸੀ ਹੈ। ਜੇ ਇਹ ਸਿਰਫ਼, ਇਕ ਅਧਿਆਤਮਕ ਅਵੱਸਥਾ ਦੇ ਹੀ ਇਕ ਖੰਡ ਦੀ ਗਲ ਹੁੰਦੀ ਤਾਂ ਗੁਰੂ ਸਾਹਿਬ ਕਈ ਲੋਕਾਂ ਦੇ ਭਗਤਾਂ ਦੇ ਵਸਣ ਦੀ ਗਲ ਕਿਉਂ ਕਹਿੰਦੇ - 'ਤਿਥੈ ਭਗਤ ਵਸਹਿ ਕੇ ਲੋਅ॥' ਵਿਗਿਆਨੀ ਤੇ ਵਿਦਵਾਨ, ਧਰਤੀ ਤੋਂ ਇਲਾਵਾ ਹੋਰ ਲੋਕਾਂ ਜਾਂ ਮੰਡਲਾਂ ਵਿਚ ਵਸਦੇ ਭਗਤਾਂ ਦੀ ਸਚਿਆਈ ਨੂੰ ਨਹੀਂ ਮੰਨ ਸਕਦੇ। ਪਰ ਅਜ ਉਹ ਹੋਰਨਾਂ ਧਰਤੀਆਂ ਤੇ ਵਸਦੇ, ਮਨੁਖਾਂ ਵਰਗੇ ਜੀਵਾਂ ਦੀ ਹੋਂਦ ਦੀ ਸੰਭਾਵਨਾ ਤੋਂ ਇਨਕਾਰੀ ਵੀ ਨਹੀਂ, ਜਦ ਕਿ ਗੁਰੂ ਸਾਹਿਬ ਤਾਂ ਇਸ ਤਥ ਨੂੰ ਸਪੱਸ਼ਟ ਹੀ ਦਸ ਰਹੇ ਹਨ ਜਦੋਂ ਉਹ ਬਚਨ ਕਰਦੇ ਹਨ ਕਿ ਕਰਮ ਭੂਮੀਆਂ ਅਨੇਕ

ਹਨ, ਭਾਵ, ਅਨੇਕਾਂ ਅਜਿਹੀਆਂ ਭੂਮੀਆਂ ਹਨ ਜਿਥੇ ਕਰਮ ਹੋ ਰਹੇ ਹਨ। ਕਰਮ ਤਾਂ 'ਚੇਤੰਨ ਹੋਂਦ ਵਾਲਾ ਪ੍ਰਾਣੀ', ਜਾਂ Conscious being ਹੀ ਕਰਦਾ ਹੈ ਜੋ ਇਸ ਧਰਤੀ ਤੇ ਸਿਰਫ਼ ਮਨੁਖ ਹੈ। ਸਪਸ਼ਟ ਹੈ ਕਿ ਅਨੇਕਾਂ ਹੋਰ ਧਰਤੀਆਂ ਤੇ ਮਨੁਖ ਵਰਗੇ ਚੇਤੰਨ ਹੋਂਦ ਵਾਲੇ ਪ੍ਰਾਣੀ ਜਾਂ Conscious beings ਹਨ - 'ਕੇਤੀਆ ਕਰਮ ਭੂਮੀ..',ਪੰਨਾ ੭. 'ਜਪੁ' ਬਾਣੀ ਦੀਆਂ ਹੀ ੧੭ਵੀਂ ਅਤੇ ੧੮ਵੀਂ ਪਉੜੀਆਂ ਵਿਚ 'ਅਸੰਖ' ਦਾ ਜ਼ਿਕਰ ਹੈ। ਅਸੰਖ ਹੀ ਜਪ ਕਰਨ ਵਾਲੇ ਹਨ, ਅਸੰਖ ਹੀ ਤਪ ਕਰਨ ਵਾਲੇ ਹਨ। ਇਸੇ ਤਰ੍ਹਾਂ ਭਗਤ ਤੇ ਕਈ ਹੋਰ ਵੀ ਅਸੰਖ ਅਸੰਖ ਹਨ। ਗਿਣਤੀ ਵਿਚ ਕ੍ਰੋੜ ਤੋਂ ਬਾਅਦ ਅਰਬ, ਖਰਬ, ਨੀਲ, ਪਦਮ ਅਤੇ ਫ਼ਿਰ ਸੰਖ ਆਉਂਦਾ ਹੈ। ਪੂਰੀ ਧਰਤੀ ਤੇ ਮਨੁਖੀ ਵਸੋਂ ਅਜ ਤਕ ਸੰਖ ਤਕ ਹੀ ਨਹੀਂ ਪੁਜੀ ਤੇ ਫ਼ਿਰ ਗੁਰੂ ਸਾਹਿਬ ਤਾਂ ਅ-ਸੰਖ ਦੀ ਗਲ ਕਰ ਰਹੇ ਹਨ। ਸਪਸ਼ਟ ਹੈ, ਉਹ ਇਸ ਧਰਤੀ ਤੋਂ ਪਰੇ ਹੋਰ ਲਖਾਂ ਅਕਾਸਾਂ ਪਾਤਾਲਾਂ ਤੇ ਵਸਦੇ ਹੋਣਗੇ।

ਇਸੇ ਤਰ੍ਹਾਂ ਇਸ ਸ਼ਬਦ ਵਿਚ ਵੀ ਉਚਤਮ ਅਧਿਆਤਮਕ ਅਵੱਸਥਾ ਦੇ ਨਾਲ ਨਾਲ, ਵਖਰੇ, ਭਗਤਾਂ ਦੇ ਮੰਡਲ ਦੀ ਵੀ ਗਲ ਕੀਤੀ ਗਈ ਹੈ।

-- ਉਸ ਪਰਮ ਸੁਖ ਦੀ ਅਵੱਸਥਾ ਅਤੇ ਮਹਿਲ ਦੇ ਉਚੇ, ਅਪਹੁੰਚ, transcendental ਸੋਭਨੀਕ ਦੁਆਰੇ ਹਨ,

-- ਜਿਥੇ ਵਾਹਗੁਰੂ ਦੇ ਪਿਆਰੇ ਭਗਤ ਜਨ ਵਸਦੇ ਹਨ।੧।

ਇਹ, ਦੁਆਰੇ/ਗੁਰੂ ਦੇ ਦੁਆਰੇ, ਭਾਵ, ਘਰ, ਕਿਸੇ ਹੋਰ ਅਪਰ-ਅਪਾਰ ਮੰਡਲ ਦੇ, 'ਸੂਖ ਮਹਲ' ਦੀ ਗਲ ਕੀਤੀ ਗਈ ਹੈ। ਇਸ ਮੰਡਲ ਵਿਚ, ਸਿਰਫ਼ ਸੰਤ ਜਨ ਹੀ ਵਸਦੇ ਹਨ, ਜੋ ਸਦਾ ਹੀ ਪਰਮ ਸੁਖ ਦੀ ਅਵੱਸਥਾ ਵਿਚ ਰਹਿੰਦੇ ਹਨ। ਆਮ ਵਿਅਕਤੀ ਦੀ ਉਥੇ ਤਕ ਪਹੁੰਚ ਨਹੀਂ। ਆਮ ਮਨੁਖ, ਵਿਗਿਆਨੀ ਤਾਂ ਅਜੇ, ਨੇੜੇ ਤੇੜੇ ਹੀ, ਜ਼ਿੰਦਗੀ ਲਭਣ ਲਈ, ਟਕਰਾਂ ਮਾਰਦਾ ਫ਼ਿਰਦਾ ਹੈ। ਵਿਦਵਾਨ, ਆਪਣੀ ਫ਼ੋਕੀ ਵਿਦਿਆ ਦੇ ਹੰਕਾਰ ਵਿਚ ਟਕਰਾਂ ਮਾਰਦਾ ਫ਼ਿਰਦਾ ਹੈ, ਜਿਵੇਂ ਕਿ ਭਾਈ ਗੁਰਦਾਸ ਜੀ ਨੇ ਕਾਗਜ਼ੀ ਵਿਦਵਾਨ ਨੂੰ 'ਸੂਫੀ' ਅਤੇ ਭਗਤਾਂ ਨੂੰ 'ਮਤਵਾਲੇ' ਕਹਿ ਕੇ ਅਸਲੀਅਤ ਦਸੀ ਹੈ ਕਿ ਭਗਤ, ਨਾਮ ਰਸ ਪੀ ਪੀ ਕੇ, ਵਾਹਗੁਰੂ ਦੇ ਪ੍ਰੇਮ ਵਿਚ ਮਸਤ ਹੋ ਜਾਂਦੇ ਹਨ ਪਰ ਨਾਮ ਵਿਹੂਣੇ ਵਿਦਵਾਨ, ਪੂਜਾ ਨਮਾਜ਼ ਤੇ ਮੱਥੇ ਟੇਕਣ ਵਿਚ ਅਤੇ ਧਰਮ ਗ੍ਰੰਥਾਂ ਵਿਚ ਉਲਝ ਕੇ ਬਹਿਸਾਂ ਵਿਚ ਹੀ ਉਲਝੇ ਰਹਿੰਦੇ ਹਨ - 'ਮਤਵਾਲੇ ਅਮਲੀ ਹੁਏ ਪੀ ਪੀ ਚੜੇ ਸਹਿਜ ਘਰਿ ਜਾਏ॥ ਸੂਫੀ ਮਾਰਨਿ ਟਕਰਾਂ ਪੂਜ ਨਿਵਾਜੇ ਸੀਸ ਨਿਵਾਏ॥ ਵੇਦ ਕਤੇਬ ਅਜਾਬ ਵਿਚਿ ਕਰਿ ਕਰਿ ਖੁਦੀ ਬਹਸ ਬਹਸਾਏ॥'

**ਸਹਜ ਕਥਾ ਪ੍ਰਭ ਕੀ ਅਤਿ ਮੀਠੀ॥**
**ਵਿਰਲੈ ਕਾਹੂ ਨੇਤ੍ਰਹੁ ਡੀਠੀ॥੧॥ਰਹਾਉ॥**

**ਸਹਜ ਕਥਾ - ਗਿਆਨ ਅਵੱਸਥਾ ਵਿਚ ਕੀਤਾ ਗਿਆ ਪ੍ਰਭੂ ਦਾ ਗੁਣ ਗਾਨ, ਸਿਮਰਣ;**
**ਨੇਤ੍ਰਹੁ - ਨੇਤਰਾਂ ਨਾਲ; ਡੀਠੀ - ਵੇਖੀ।**

-- ਇਥੇ ਗਿਆਨ ਅਵੱਸਥਾ ਵਿਚ, ਪ੍ਰਭੂ ਦੇ ਗੁਣਾਂ ਦਾ ਬਖਾਨ, ਭਾਵ, ਸਿਮਰਣ ਕੀਤਾ ਜਾਂਦਾ ਹੈ, ਜੋ ਅਤਿਅੰਤ ਮਿਠਾ, ਰਸ ਦਾਈ ਹੁੰਦਾ ਹੈ।

ਆਮ ਵਿਅਕਤੀ ਜੋ ਪ੍ਰਭੂ ਦੇ ਗੁਣਾਂ ਦਾ ਸਿਮਰਣ ਕਰਦੇ ਹਨ, ਉਹ ਪ੍ਰਭੂ ਦੇ ਸੁਣੇ ਸੁਣਾਏ ਅਤੇ ਪੜ੍ਹੇ ਪੜ੍ਹਾਏ ਗੁਣ ਹੁੰਦੇ ਹਨ, ਕਿਸੇ ਨੇ ਵੇਖੇ, ਅਨੁਭਵ ਕੀਤੇ ਨਹੀਂ ਹੁੰਦੇ। ਪਰ, ਪ੍ਰਭੂ ਬਾਰੇ, ਇਹ ਗੁਣਾਂ ਦਾ ਬਖਾਨ, ਗਿਆਨ ਭਰਪੂਰ ਹੁੰਦਾ ਹੈ, ਵੇਖਿਆ ਹੋਇਆ, ਮਾਣਿਆ ਹੋਇਆ ਹੁੰਦਾ ਹੈ, ਤਾਂ ਹੀ ਪਰਮ ਅਨੰਦ ਦਾਈ ਅਤੇ ਸੁਖਦਾਈ ਹੁੰਦਾ ਹੈ, ਪ੍ਰਭੂ ਦੇ ਮਾਣੇ ਹੋਏ ਗੁਣਾਂ ਦਾ ਬਖਾਨ

ਅਤਿ ਮਿਠਾ ਹੁੰਦਾ ਹੈ, ਜਿਵੇਂ ਕਿ ਸ੍ਰੀ ਗੁਰੂ ਅਰਜਨ ਸਾਹਿਬ ਨੇ ਪ੍ਰਭੂ ਦੇ ਗੁਣਾਂ ਦਾ ਬਖਾਨ, ਹੋਰ ਸਾਰੇ ਸੁਆਦਾਂ ਤੋਂ ਮਿਠਾ ਦਸਿਆ ਹੈ - 'ਅਵਰਿ ਸਾਦ ਚਖਿ ਸਗਲੇ ਦੇਖੇ ਮਨ ਹਰਿ ਰਸੁ ਸਭ ਤੇ ਮੀਠਾ ਜੀਉ॥', ਪੰਨਾ ੧੦੦. ਜਿਹੜਾ ਮਨੁਖ, ਅਸਲ ਗੁਣਾਂ ਨੂੰ ਵੇਖੇ ਬਿਨਾਂ, ਸੁਣੇ ਸੁਣਾਏ, ਪੜ੍ਹੇ ਪੜ੍ਹਾਏ ਗੁਣਾਂ ਦਾ ਬਖਾਨ ਕਰਦਾ ਹੈ, ਉਸ ਨੂੰ ਅਸਲ ਸੁਆਦ ਤਾਂ ਆ ਹੀ ਨਹੀਂ ਸਕਦਾ। ਪਾਤਸ਼ਾਹ ਨੇ, ੨੧੮ ਪੰਨੇ ਤੇ, ਫੁਰਮਾਣ ਕੀਤਾ ਹੈ - 'ਮੀਠੇ ਹਰਿ ਗੁਣ ਗਾਉ ਜਿੰਦੂ ਤੂ ਮੀਠੇ ਹਰਿ ਗੁਣ ਗਾਉ॥' ਹੋਰ ਬਚਨ ਹਨ ਕਿ ਜਦੋਂ ਸਚੇ ਗੁਰੂ ਦੇ ਤੁਠਣ ਤੇ, ਸਹਜ, ਗਿਆਨ ਦੀ ਪ੍ਰਾਪਤੀ ਹੋ ਗਈ ਤਾਂ ਵਾਹਿਗੁਰੂ ਦੇ ਨਾਮ ਦਾ ਰਸ ਚਖਣ ਤੇ ਮਿਠਾ ਲਗ ਗਿਆ - 'ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ॥ ਹਰਿ ਰਸੁ ਮੀਠਾ ਮਨ ਮਹਿ ਵੂਠਾ ਸਤਿਗੁਰੁ ਤੂਠਾ ਸਹਜੁ ਭਇਆ॥', ਪੰਨਾ ੪੫੨.

-- ਪਰ, ਇਹ ਸਹਜ ਕਥਾ, ਜੋ ਵਾਹਗੁਰੂ ਦਾ ਗਿਆਨ ਹਾਸਲ ਹੋਣ ਤੇ, ਉਸ ਦੇ ਗੁਣਾਂ ਨੂੰ ਵੇਖ ਕੇ ਉਨ੍ਹਾਂ ਦਾ ਬਖਾਨ ਕੀਤਾ ਹੁੰਦਾ ਹੈ, ਇਹ ਰੱਬੀ ਗੁਣਾਂ ਦਾ ਗਿਆਨਾਤਮਕ ਬਿਆਨ, ਨਿਰਾਲਾ ਹੁੰਦਾ ਹੈ। ਇੰਵ, ਵਾਹਗੁਰੂ ਦੇ ਗੁਣਾਂ ਨੂੰ ਕਿਸੇ ਵਿਰਲੇ ਨੇ ਆਪਣੇ ਨੇਤਰਾਂ ਨਾਲ ਵੇਖਿਆ ਹੁੰਦਾ ਹੈ। ਉਸ 'ਸੂਖ ਮਹਲ' ਵਿਚ ਭਗਤ ਜਨ, ਪ੍ਰਭੂ ਦੇ ਉਨ੍ਹਾਂ ਗੁਣਾਂ ਦਾ ਬਖਾਨ ਕਰਦੇ ਹਨ, ਜੋ ਉਨ੍ਹਾਂ ਨੇ ਵੇਖੇ ਹੋਏ, ਹੁੰਦੇ ਹਨ।੧।ਰਹਾਉ।

ਤਾਂ ਹੀ ਤਾਂ ਪੰਜਵੇਂ ਪਾਤਸ਼ਾਹ ਅਜਿਹੀ, ਪ੍ਰਭੂ ਦੇ ਗੁਣਾਂ ਦੀ ਸਾਖੀ, ਸੁਣਨ ਨੂੰ ਕਹਿੰਦੇ ਹਨ, ਕਿਉਂਕਿ ਸੰਤ ਉਹ ਸੁਣਾਉਂਦੇ ਹਨ ਜੋ ਉਨ੍ਹਾਂ ਨੇ ਵੇਖਿਆ ਹੁੰਦਾ ਹੈ - 'ਸੰਤਨ ਕੀ ਸੁਣਿ ਸਾਚੀ ਸਾਖੀ॥ ਸੋ ਬੋਲਹਿ ਜੋ ਪੇਖਹਿ ਆਖੀ॥', ਪੰਨਾ ੮੯੪. ਸ੍ਰੀ ਗੁਰੂ ਨਾਨਕ ਸਾਹਿਬ ਨੇ ਵੀ ਫੁਰਮਾਣ ਕੀਤਾ ਹੈ ਕਿ ਨਾਮ ਦੇ ਪਰਤਾਪ ਸਦਕਾ, ਭਗਤ ਉਹ ਬੋਲਦਾ ਹੈ, ਜੋ ਜ਼ਾਹਰ ਵੇਖਦਾ ਹੈ - 'ਪਰਗਟਿ ਪਾਹਾਰੈ ਜਾਪਦਾ॥ ਸਭੁ ਨਾਵੈ ਨੋ ਪਰਤਾਪਦਾ॥' ਪੰਚਮ ਪਾਤਸ਼ਾਹ ਵੀ, ਪੰਨਾ ੩੧੬ ਤੇ, ਅਜਿਹਾ ਹੀ ਫੁਰਮਾਣ ਕਰਦੇ ਹਨ ਕਿ ਚੂੰਕਿ, ਭਗਤ ਪਰਗਟ ਪਾਹਾਰੈ ਵੇਖ ਕੇ ਬੋਲਦੇ ਹਨ ਇਸ ਲਈ ਉਨ੍ਹਾਂ ਦੇ ਬੋਲੇ ਸਭ ਲਫ਼ਜ਼, ਬਚਨ ਹੁੰਦੇ ਹਨ, ਬਾਣੀ ਦਾ ਦਰਜਾ ਰਖਦੇ ਹਨ, ਜੋ ਸਭ ਲੋਕ ਸੁਣਦੇ ਹਨ - 'ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥ ਪਰਗਟ ਪਾਹਾਰੈ ਜਾਪਦੇ ਸਭਿ ਲੋਕ ਸੁਣੰਦੇ॥'

ਤਹ ਗੀਤ ਨਾਦ ਅਖਾਰੇ ਸੰਗਾ॥
ਊਹਾ ਸੰਤ ਕਰਹਿ ਹਰਿ ਰੰਗਾ॥੨॥

**ਗੀਤ - ਸਿਫ਼ਤ ਸਲਾਹ ; ਨਾਦ - ਧੁਨਿ; ਅਖਾਰੇ - ਰੰਗ ਭੂਮੀ ;**
**ਰੰਗਾ - ਦਰਸ਼ਨਾਂ ਅਤੇ ਨਾਮ ਦਾ ਅਨੰਦ ਮਾਣਨਾ**

-- ਉਸ ਉਚੇ ਮਹਿਲ ਵਿਚ, ਭਗਤਾਂ ਦੀ ਰੰਗ ਭੂਮੀ ਵਿਚ, ਭਾਵ, ਭਗਤਾਂ ਦੀ ਸਮੂਹ ਸੰਗਤਿ ਵਿਚ, ਵਾਹਗੁਰੂ ਦੇ ਗੁਣਾਂ ਦੇ ਜੱਸ ਦਾ ਨਾਦ ਗੂੰਜਦਾ ਹੈ। ਇਹ ਨਾਦ, ਸਾਡੇ ਇਨ੍ਹਾਂ ਕੰਨਾਂ ਦਾ ਵਿਸ਼ਾ ਨਹੀਂ। ਨਾਮ ਅਭਿਆਸ ਵਿਚ ਜੂਝ ਚੁਕੇ, ਮਨ ਰਾਹੀਂ ਚਿਤ ਦੀ ਇਕਾਗਰਤਾ ਨੂੰ ਹਾਸਲ ਕਰ ਚੁਕੇ, ਭਗਤਾਂ ਦੀ ਹੀ, ਇਥੋਂ ਤਕ ਪਹੁੰਚ ਹੁੰਦੀ ਹੈ ਅਤੇ ਇਸ ਦਾ ਅਨੁਭਵ ਵੀ ਹੁੰਦਾ ਹੈ।

ਸ੍ਰੀ ਗੁਰੂ ਅਰਜਨ ਸਾਹਿਬ ਨੇ, ਪੰਨਾ ੧੮੬ ਤੇ, ਫੁਰਮਾਣ ਕੀਤਾ ਹੈ ਕਿ ਉਥੇ, ਭਾਵ, ਅਨੇਕਾਂ ਮੰਡਲਾਂ ਵਿਚ, ਅਧਿਆਤਮਕ ਗਿਆਨ ਵਾਲੇ ਸੰਤਾਂ ਦੀਆਂ ਅਨੇਕਾਂ ਅਤੇ ਅਨੰਤ, ਰੰਗ ਭੂਮੀਆਂ ਹਨ, ਜਿਥੇ, ਪਾਰਬ੍ਰਹਮ ਦੇ ਸੰਗੀ, ਸੰਤ ਜਨ ਰਹਿੰਦੇ ਹਨ - 'ਤਹ ਸਹਜ ਅਖਾਰੇ ਅਨੇਕ ਅਨੰਤਾ॥ ਪਾਰਬ੍ਰਹਮ ਕੇ ਸੰਗੀ ਸੰਤਾ॥' ਇਸ ਤਰ੍ਹਾਂ ਭਗਤ ਵੀ ਅਨੇਕ ਅਤੇ ਅਨੰਤ

ਹਨ, ਜਿਵੇਂ ਕਿ ਸ੍ਰੀ ਗੁਰੂ ਨਾਨਕ ਸਾਹਿਬ ਨੇ ਜਪੁ ਬਾਣੀ ਵਿਚ ਪੂਰੀ ਇਕ ਪਉੜੀ ਹੀ ਅੰਕਤ ਕਰ ਦਿਤੀ - 'ਅਸੰਖ ਜਪ ਅਸੰਖ ਭਾਉ॥...ਅਸੰਖ ਭਗਤ ਗੁਣ ਗਿਆਨ ਵੀਚਾਰ॥...'

-- ਉਥੇ, ਭਗਤਾਂ ਦੇ ਉਸ ਮੰਡਲ ਵਿਚ, ਸੰਤ ਜਨ, ਵਾਹਗੁਰੂ ਦੇ ਜ਼ਾਹਰਾ ਜੱਸ, ਨਾਮ ਦੇ ਰੰਗ ਵਿਚ, ਅਨੰਦ ਮਾਣਦੇ ਹਨ।

ਪੰਚਮ ਪਾਤਸ਼ਾਹ, ਪੰਨਾ ੬੭੬ ਤੇ, ਫ਼ੁਰਮਾਣ ਕਰਦੇ ਹਨ ਕਿ ਇਹੋ ਜਿਹੇ ਸਥਾਨ ਤੇ, ਸਾਧ ਜਨ ਇਕੱਤਰ ਹੁੰਦੇ ਹਨ, ਹਰੀ ਦੇ ਨਾਮ ਦਾ ਜੱਸ ਕਰਦੇ ਅਤੇ ਕਾਵਿ ਮਈ ਢੰਗ ਨਾਲ ਵੀ ਉਸ ਦੇ ਗੁਣਾਂ ਦਾ ਗਾਇਨ ਕਰਦੇ ਹਨ, ਇਹੀ ਕਬਿਤ ਹੁੰਦੇ ਹਨ, ਬਾਣੀ ਹੁੰਦੀ ਹੈ, ਜੋ ਧੁਰ ਤੋਂ ਆਉਂਦੀ ਹੈ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਹਰਮਨ ਪਿਆਰੇ ਬੋਲ - '**ਮਰਦਾਨਿਆਂ ! ਛੇੜ ਰਬਾਬ, ਬਾਣੀ ਆਈ ਏ**', ਇਹੋ ਜਿਹਾ ਹੀ ਗੁਣਾਂ ਦਾ ਗਾਇਨ ਹੁੰਦਾ ਸੀ। (ਦੂਜੇ ਧਰਮਾਂ ਵਿਚ ਇਸ ਨੂੰ ਇਲਹਾਮ ਵੀ ਕਿਹਾ ਗਿਆ ਹੈ। ਪਰ ਇਲਹਾਮ ਸੀਮਤ ਹੁੰਦਾ ਆਇਆ ਹੈ।) ਉਨ੍ਹਾਂ ਭਗਤ ਜਨਾਂ ਦੀ ਸਭਾ ਵਿਚ ਅਨੰਦ ਦਾ ਬਿਸਰਾਮ ਹੁੰਦਾ ਹੈ। ਅਜਿਹੇ ਮਹਾਂਪੁਰਖਾਂ ਦੀ ਸੰਗਤਿ, ਉਹ ਪ੍ਰਾਪਤ ਕਰਦਾ ਹੈ, ਜਿਸ ਦੇ ਮਸਤਕ ਤੇ, ਧੁਰੋਂ ਹੀ ਲਿਖਿਆ ਹੁੰਦਾ ਹੈ - 'ਜਹ ਸਾਧ ਸੰਤਨ ਹੋਵਹਿ ਇਕਤ੍ਰ॥ ਤਹ ਹਰਿ ਜਸੁ ਗਾਵਹਿ ਨਾਦ ਕਵਿਤ॥ ਸਾਧ ਸਭਾ ਮਹਿ ਅਨਦ ਬਿਸ੍ਰਾਮ॥ ਉਨ ਸੰਗੁ ਸੋ ਪਾਏ ਜਿਸੁ ਮਸਤਕਿ ਕਰਾਮ॥' ਭਗਤ ਕਬੀਰ ਜੀ ਨੇ ਇਸੇ ਸੰਗਤਿ ਨੂੰ ਹੀ, ਇਥੇ ਵੀ ਤੇ ਉਥੇ ਵੀ, ਬੈਕੁੰਠ ਕਿਹਾ ਹੈ। ਉਹ, ਪੰਨਾ ੩੨੫ ਤੇ, ਫ਼ੁਰਮਾਣ ਕਰਦੇ ਹਨ ਕਿ ਮੈਂ ਇਹ ਗਲ ਕਿਵੇਂ ਸਮਝਾਵਾਂ ਕਿ ਇਹੀ, ਸਾਧੂ ਜਨਾਂ ਦੀ ਸੰਗਤਿ ਹੀ ਬੈਕੁੰਠ ਹੈ - 'ਕਹੁ ਕਬੀਰ ਇਹ ਕਹੀਐ ਕਾਹਿ॥ ਸਾਧ ਸੰਗਤਿ ਬੈਕੁੰਠੈ ਆਹਿ॥'

**ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ॥**
**ਸਾਚ ਨਾਮ ਕੀ ਅੰਮ੍ਰਿਤ ਵਰਖਾ॥੩॥**

-- ਉਹ, ਭਗਤਾਂ ਦਾ, ਸੰਤ ਜਨਾਂ ਦਾ, ਮੰਡਲ ਅਜਿਹਾ ਹੈ, ਜਿਥੇ ਨਾ ਮਰਣ ਹੈ ਨਾ ਜੰਮਣ ਹੈ, ਨਾ ਕੋਈ ਸੋਗ, ਗ਼ਮ ਹੈ ਨਾ ਹੀ ਕੋਈ ਹਰਖ ਹੈ। ਉਥੇ ਤਾਂ ਨਿਰੀ ਅਡੋਲਤਾ ਦੀ ਅਵੱਸਥਾ ਹੈ।

ਪਾਤਸ਼ਾਹ, ੭੯ ਪੰਨੇ ਤੇ ਫ਼ੁਰਮਾਣ ਕਰਦੇ ਹਨ ਕਿ ਉਸ ਦਰ ਜਾਂ 'ਊਚ ਦੁਆਰੇ' ਤੇ ਜੋ ਭਗਤ ਜਨ, ਉਸ ਅਲਖ, ਵਾਹਗੁਰੂ, ਜਿਸਦਾ ਭੇਦ ਨਹੀਂ ਪਾਇਆ ਜਾ ਸਕਦਾ, ਦੀ ਅਰਾਧਨਾ ਕਰਦੇ ਹਨ, ਉਸ ਦੁਆਰੇ ਤੇ, ਭਗਤ, ਨਿਹਚਲ ਆਸਣ ਨੂੰ ਪ੍ਰਾਪਤ ਹੋ ਜਾਂਦੇ ਹਨ। ਉਥੇ, ਨਾ ਜੰਮਣ ਹੈ ਨਾ ਮਰਣ, ਨਾ ਹੀ ਆਉਣ ਜਾਣ ਦਾ ਕੋਈ ਸੰਸਾ ਮਾਤਰ ਹੀ ਹੈ, ਇਹ ਸਾਰੇ ਦੁਖ ਉਥੇ ਮਿਟ ਚੁਕੇ ਹੁੰਦੇ ਹਨ - 'ਹਰਿ ਦਰੁ ਸੇਵੇ ਅਲਖ ਅਭੇਵੇ ਨਿਹਚਲੁ ਆਸਣੁ ਪਾਇਆ॥ ਤਹ ਜਨਮ ਨ ਮਰਣੁ ਨ ਆਵਣ ਜਾਣਾ ਸੰਸਾ ਦੂਖੁ ਮਿਟਾਇਆ॥', ਪੰਨਾ ੭੯.

-- ਉਥੇ, ਵਾਹਿਗੁਰੂ ਦੀ ਸਿਫ਼ਤ ਸਲਾਹ ਦੀ ਜੋ ਗਿਆਨ ਚਖਸ਼ੂਆਂ ਨਾਲ ਵੇਖੀ ਹੋਈ ਹੈ, ਸਚੇ ਨਾਮ ਦੀ, ਅੰਮ੍ਰਿਤ ਮਈ ਬਰਖਾ, ਨਿਰੰਤਰ ਜਾਰੀ ਰਹਿੰਦੀ ਹੈ।੩।

ਪਾਤਸ਼ਾਹ ਦੇ ਬਚਨ ਹਨ ਕਿ ਹਰ ਮੰਡਲ ਵਿਚ, ਉਹੀ ਅਨਹਦ ਬਾਣੀ, ਭਾਵ, ਨਾਮ ਦੀ ਕੁਦਰਤੀ, ਬਿਨਾਂ ਕਿਸੇ ਆਹਤ ਤੋਂ ਪੈਦਾ ਹੋਈ, ਬ੍ਰਹਿਮੰਡੀ ਧੁਨੀ, ਨਾਦ ਜਾਂ Cosmic Unstruck Melody ਦੀ, ਅੰਮ੍ਰਿਤ ਰੂਪੀ ਬਰਖਾ ਵਰ੍ਹਦੀ ਹੈ ਜਿਸ ਨਾਲ ਮਨ ਦੇ ਅੰਦਰ ਇਲਾਹੀ ਠੰਢਕ, ਸ਼ਾਂਤ-ਚਿਤਤਾ ਸਮਾ ਜਾਂਦੀ ਹੈ - 'ਅੰਮ੍ਰਿਤੁ ਵਰਖੈ ਅਨਹਦ ਬਾਣੀ॥ ਮਨ ਤਨ ਅੰਤਰਿ ਸਾਂਤਿ ਸਮਾਣੀ॥' ਪੰਨਾ ੧੦੫. ਮਹਾਰਾਜ ਦੇ ਬਚਨ ਹਨ ਕਿ ਸੰਤ ਜਨ ਦੀ

ਕਿਰਪਾ ਸਦਕਾ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ ਅਤੇ ਗੁਣਾਂ ਦੇ ਖ਼ਜ਼ਾਨੇ ਪ੍ਰਭੂ ਦੀ ਬਖ਼ਸ਼ਿਸ਼ ਨਾਲ ਉਸ ਦੀ ਪ੍ਰਾਪਤੀ ਹੋਣ ਨਾਲ ਮਨ ਵਿਚ ਸਹਜ, ਗਿਆਨ ਦੀ ਅਵਸਥਾ, ਪਰਮ ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਕ੍ਰੋੜਾਂ ਸੂਰਜਾਂ ਜਿਨਾਂ ਚਾਨਣ, ਪ੍ਰਭੂ ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ - 'ਸੰਤ ਪ੍ਰਸਾਦਿ ਮੇਰੇ ਪੂਰ ਮਨੋਰਥ ਕਰਿ ਕਿਰਪਾ ਭੇਟੇ ਗੁਣਤਾਸ॥ ਸਾਂਤਿ ਸਹਜ ਸੂਖ ਮਨਿ ਉਪਜਿਓ ਕੋਟਿ ਸੂਰ ਨਾਨਕ ਪਰਗਾਸ॥', ਪੰਨਾ ੭੧੭. ਇਹ ਨਹੀਂ ਕਿ ਚਾਨਣ ਸਿਰਫ਼ ਗਿਆਨ ਦੇ ਪ੍ਰਤੀਕ ਵਜੋਂ ਵਰਤਿਆ ਹੈ, ਸਗੋਂ ਚਾਨਣ ਦਾ ਦਿਸਣਾ ਅਸਲੀਅਤ ਹੈ। ਇਸੇ ਤਰ੍ਹਾਂ ਭਗਤ ਨਾਮਦੇਵ ਜੀ ਵੀ ਇਸ ਅਵਸਥਾ ਦਾ ਬਿਆਨ ਬੜੇ ਸੁੰਦਰ ਸ਼ਬਦਾਂ ਵਿਚ ਕਰਦੇ ਹਨ ਕਿ ਜਦੋਂ ਤੱਤ ਦੀ ਬੀਚਾਰ, ਭਾਵ, ਵਾਹਗੁਰੂ ਦੇ ਵੇਖੇ ਹੋਏ ਗੁਣਾਂ ਦੀ ਵੀਚਾਰ ਪਰਗਟ ਪਾਹਾਰੈ ਦਿਸ ਪੈਂਦੀ ਹੈ ਤਾਂ, ਬਿਨਾ ਆਹਤ ਤੋਂ, ਬਿਨਾਂ ਚਮੜੇ ਦੇ ਮੜ੍ਹੇ ਹੋਣ ਤੋਂ ਢੋਲ ਵਜਦਾ ਸੁਣਦਾ ਹੈ, ਬਿਨਾਂ ਸਾਵਣ ਤੋਂ ਬਦਲ ਦੀ ਗੜਗੜਾਹਟ ਹੁੰਦੀ ਹੈ, ਬਿਨਾਂ ਬਦਲਾਂ ਤੋਂ ਨਾਮ ਦੀ ਬਰਖਾ ਹੁੰਦੀ ਹੈ - 'ਅਣਮੜਿਆ ਮੰਦਲੁ ਬਾਜੈ॥ ਬਿਨੁ ਸਾਵਣ ਘਨਹਰੁ ਗਾਜੈ॥ ਬਾਦਲ ਬਿਨੁ ਬਰਖਾ ਹੋਈ॥ ਜਉ ਤਤੁ ਬਿਚਾਰੈ ਕੋਈ॥', ਪੰਨਾ ੬੫੭. ਹੋਰ ਬਚਨ ਕਰਦੇ ਹਨ ਕਿ ਜਦੋਂ **ਪ੍ਰਭੂ ਦੇ ਅਸਲ ਦੇ ਦੀਦਾਰ ਹੋਣ** ਤਦ ਆਪ ਮੁਹਾਰਾ ਗਾਇਨ ਹੋ ਉਠਦਾ ਹੈ, ਭਗਤ ਨੂੰ ਅੰਤਰਮੁਖੀ ਧੀਰਜ ਦੀ ਅਵਸਥਾ ਵੀ ਤਾਂ ਹੀ ਪ੍ਰਾਪਤ ਹੁੰਦੀ ਹੈ, ਹਿਰਦੇ ਵਿਚ ਨਾਦ ਸਮਾ ਜਾਂਦਾ ਹੈ, ਸਚੇ ਗੁਰੂ ਦੀ ਕਿਰਪਾ ਨਾਲ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ, ਅਥਾਹ ਪ੍ਰਕਾਸ਼ ਦਾ ਇਕ-ਰਸ ਝਿਲਮਿਲਕਾਰ ਹੋ ਜਾਂਦਾ ਹੈ, ਬਿਨਾ ਆਹਤ ਵਾਲਾ ਸਬਦ ਵਜ ਉਠਦਾ ਹੈ, ਭਗਤ ਜਨ ਦੀ ਜੋਤਿ ਪਰਮ-ਜੋਤਿ ਵਿਚ ਸਮਾ ਜਾਂਦੀ ਹੈ। ਜਿਥੇ ਪਹਿਲਾਂ ਧਰਮ ਗ੍ਰੰਥਾਂ ਦੇ ਗਿਆਨ ਦਾ ਮਧਮ (ਛੰਛਾਰਾ) ਜਿਹਾ ਦੀਵਾ ਹੀ ਬਲ ਰਿਹਾ ਸੀ, ਉਥੇ ਬਿਜਲੀ ਦੀ ਸਥਿਰ ਚਮਕਾਰ ਦਾ ਚਾਨਣ, ਗਿਆਨ ਹੋ ਜਾਂਦਾ ਹੈ, ਸੂਰਜ ਦੀ ਰੌਸ਼ਨੀ ਇਕ-ਰਸ ਲਗਾਤਾਰ ਦਿਸ ਪੈਂਦੀ ਹੈ, ਸਭ ਕੁਝ ਸਾਫ਼ ਦਿਸ ਪੈਂਦਾ ਹੈ। ਇਹ ਸਭ ਕੁਝ ਗੁਰੂ ਦੀ ਬਖ਼ਸ਼ਿਸ਼ ਨਾਲ ਪ੍ਰਾਪਤ ਹੁੰਦਾ ਹੈ - 'ਜਬ ਦੇਖਾ ਤਬ ਗਾਵਾ॥ ਤਉ ਜਨ ਧੀਰਜੁ ਪਾਵਾ॥ ਨਾਦਿ ਸਮਾਇਲੋ ਰੇ ਸਤਿਗੁਰੁ ਭੇਟਿਲੇ ਦੇਵਾ॥ ਜਹ ਝਿਲਮਿਲਕਾਰੁ ਦਿਸੰਤਾ॥ ਤਹ ਅਨਹਦ ਸਬਦ ਬਜੰਤਾ॥ ਜੋਤੀ ਜੋਤਿ ਸਮਾਨੀ॥..ਚਮਕਾਰ ਬੀਜੁਲ ਤਹੀ॥..ਜਹ ਅਨਹਤ ਸੂਰ ਉਜਾਰਾ॥ ਤਹ ਦੀਪਕ ਜਲੈ ਛੰਛਾਰਾ॥', ਪੰਨਾ ੬੫੭. ਬਿਜਲੀ ਦੀ ਇਕ-ਰਸ ਚਮਕ ਜਿਨਾਂ ਚਾਨਣ, ਬਦਲਾਂ ਵਾਂਙ ਗੜਗੜਾਹਟ, ਢੋਲਕਾਂ ਆਦਿ ਸਾਜ਼ਾਂ ਦਾ ਸੰਗੀਤ, ਆਦਿ ਨਿਰੇ-ਪੁਰੇ ਪ੍ਰਤੀਕ ਹੀ ਨਹੀਂ ਵਰਤੇ, ਇਹ ਅਸਲ ਅਨੁਭਵ ਦੀਆਂ ਅਵਸਥਾਵਾਂ ਹਨ ਜੋ ਸਚਮੁਚ ਸੁਣੀਂਦੇ ਤੇ ਵੇਖਣ ਵਿਚ ਆਉਂਦੇ ਹਨ। ਇਹ ਭਗਤ ਜਨਾਂ, ਸਾਧੂ, ਸੰਤ ਜਨਾਂ, ਮਹਾਂਪੁਰਖਾਂ ਦੀ ਸੰਗਤਿ ਕਰਨ ਵਾਲੇ ਹੀ ਜਾਣ ਸਕਦੇ ਹਨ, ਦੂਜੇ ਨਹੀਂ। ਸੰਤ ਹਰਨਾਮ ਸਿੰਘ ਜੀ, ਰਾਮਪੁਰ ਖੇੜੇ (ਹੁਸ਼ਿਆਰਪੁਰ) ਵਾਲਿਆਂ ਦੀ ਜੀਵਨੀ ਤੇ ਲਿਖੀ ਗਈ ਇਕ ਪੁਸਤਕ, '**ਸੇ ਕਿਨੇਹਿਆ**' ਵਿਚ ਇਕ ਦ੍ਰਿਸ਼ਟਾਂਤ ਆਉਂਦਾ ਹੈ ਜਿਸ ਅਨੁਸਾਰ, ਮਹਾਂਪੁਰਖਾਂ ਦੀ ਸੰਗਤਿ ਵਿਚ ਇਕ ਬੱਚਾ ਆਇਆ, ਜਿਸ ਨੂੰ ਉਨ੍ਹਾਂ ਨੇ ਗੁਰਮੰਤਰ '**ਵਾਹਿਗੁਰੂ**' ਦੇ ਜਾਪ ਵਿਚ ਪਰਪੱਕ ਕਰ ਦਿਤਾ, ਜਿਸ ਨਾਲ ਉਸ ਬਾਲਕ ਦੀ ਅਜਿਹੀ ਅਵੱਸਥਾ ਬਣ ਗਈ ਕਿ ਉਸ ਨੂੰ ਕਈ ਸਾਜ਼ਾਂ ਦੀਆਂ ਅਵਾਜ਼ਾਂ, ਬਦਲਾਂ ਦੀ ਗੜਗੜਾਹਟ ਆਦਿ ਸੁਣਨ ਲਗ ਪਏ ਸਨ। ਬਾਅਦ ਵਿਚ ਸੰਗਤਿ ਛੁਟ ਜਾਣ ਤੇ ਸਭ ਕੁਝ ਬੰਦ ਹੋ ਗਿਆ।

ਭਗਤਾਂ ਦੇ, ਇਸ ਮੰਡਲ ਦੇ ਨੇੜੇ ਹੀ, ਅਕਾਲ ਪੁਰਖ ਦਾ ਅਸਥਾਨ ਹੈ ਜਿਥੇ ਉਹ ਆਪਣੀ ਸੁੰਨ ਸਮਾਧੀ ਵਿਚ ਲੀਨ ਹੁੰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ, ਉਸ ਅਸਥਾਨ ਨੂੰ 'ਗੁਫਾ' ਕਿਹਾ ਹੈ। ਇਥੇ ਕੇਵਲ ਪੂਰਣ ਬ੍ਰਹਮ ਦਾ ਪ੍ਰਕਾਸ਼, ਵਾਸ ਹੈ। ਇਨ੍ਹਾਂ ਮੰਡਲਾਂ ਵਿਚ, ਆਪਣੇ ਭਗਤਾਂ ਦੇ ਨਾਲ ਉਹ ਗੋਸਟਿ, ਬਚਨ ਬਿਲਾਸ ਕਰਦਾ ਰਹਿੰਦਾ ਹੈ। ਇਨ੍ਹਾਂ ਮੰਡਲਾਂ ਵਿਚ ਨਾ ਹਰਖ ਹੈ, ਨਾ ਸੋਗ, ਨਾ ਜਨਮ ਹੈ ਨਾ ਮੌਤ - 'ਸੁੰਨ ਸਮਾਧਿ ਗੁਫਾ ਤਹ ਆਸਨੁ॥

ਕੇਵਲ ਬ੍ਰਹਮ ਪੂਰਨ ਤਹ ਬਾਸਨੁ॥ ਭਗਤ ਸੰਗਿ ਪ੍ਰਭੁ ਗੋਸਟਿ ਕਰਤ॥ ਤਹ ਹਰਖ ਨ ਸੋਗ ਨ ਜਨਮ ਨ ਮਰਤ॥' ਪੰਨਾ ੮੯੪. ਪਹਿਲਾਂ, ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ 'ਜਪੁ' ਬਾਣੀ ਵਿਚ ੩੭ਵੀਂ ਪਉੜੀ ਵਿਚ ਵੀ ਬਚਨ ਹਨ, ਜਿਥੇ, ਉਨ੍ਹਾਂ ਨੇ ਦਸਿਆ ਹੈ ਕਿ ਉਥੇ ਕਈ ਲੋਕਾਂ ਦੇ ਭਗਤ ਜਨ ਵਸਦੇ ਹਨ ਅਤੇ ਸਦਾ ਅਨੰਦ ਦੀ ਅਵੱਸਥਾ ਵਿਚ ਰਹਿੰਦੇ ਹਨ। ਫ਼ਿਰ ਅਗੇ ਹੈ ਸਚ ਖੰਡ, ਜਿਥੇ ਸਿਰਫ਼ ਨਿਰੰਕਾਰ ਵਸਦਾ ਹੈ। ਇਸ ਦੇ ਨਾਲ ਹੀ, ਇਸ ਵਰਤਾਰੇ ਦੇ ਹੋਰ ਵੀ ਬਹੁਤ ਸੰਕੇਤ ਦਿਤੇ ਹਨ - 'ਤਿਥੈ ਭਗਤ ਵਸਹਿ ਕੇ ਲੋਅ॥ ਕਰਹਿ ਅਨੰਦੁ ਸਚਾ ਮਨਿ ਸੋਇ॥ ਸਚ ਖੰਡਿ ਵਸੈ ਨਿਰੰਕਾਰੁ॥ ਕਰਿ ਕਰਿ ਵੇਖੈ ਨਦਰਿ ਨਿਹਾਲ॥..'

**ਗੁਹਜ ਕਥਾ ਇਹ ਗੁਰ ਤੇ ਜਾਣੀ॥**
**ਨਾਨਕੁ ਬੋਲੈ ਹਰਿ ਹਰਿ ਬਾਣੀ॥੪॥੬॥੧੨॥**

-- ਪ੍ਰਭੂ ਦੇ ਪ੍ਰਤੱਖ ਵੇਖੇ ਗੁਣਾਂ ਦਾ ਗਿਆਨ, ਗੂੜ੍ਹ ਤੇ ਭੇਦ ਭਰਿਆ ਹੈ, ਜਿਸ ਦਾ ਗਿਆਨ, ਸਿਰਫ਼, ਗੁਰੂ ਦੀ ਕ੍ਰਿਪਾ ਨਾਲ ਹੀ ਹੋ ਸਕਦਾ ਹੈ।

ਇਹ ਸਾਰਾ ਬਿਆਨ ਬਹੁਤ ਹੀ ਭੇਦ ਭਰਿਆ ਅਤੇ ਸੰਕੇਤਾਂ ਵਿਚ ਹੀ ਹੈ। ਇਸ ਨੂੰ ਅਕਲ ਦੁਆਰਾ, ਸ਼ਬਦਾਂ ਵਿਚ ਬਿਆਨ ਕਰਨਾ ਅਸੰਭਵ ਜਿਹੀ ਗਲ ਹੈ ਜਿਸ ਨੂੰ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ, ਜਪੁ ਬਾਣੀ ਦੀ ੩੭ਵੀਂ ਪਉੜੀ ਵਿਚ, ਇਉਂ ਵਿਅਕਤ ਕੀਤਾ ਹੈ ਕਿ ਕਰੜੇ ਲੋਹੇ ਸਮਾਨ ਹੈ - 'ਨਾਨਕ ਕਥਨਾ ਕਰੜਾ ਸਾਰੁ॥'

ਸ੍ਰੀ ਗੁਰੂ ਰਾਮਦਾਸ ਸਾਹਿਬ ਦਸਦੇ ਹਨ ਕਿ ਇਹ ਨਾਮ ਰੂਪੀ ਰਤਨ, ਇਸ ਕਾਇਆ ਵਿਚ ਹੀ ਲੁਕੇ ਰਹਿੰਦੇ ਹਨ ਜਿਨ੍ਹਾਂ ਨੂੰ ਕੋਈ ਵਿਰਲਾ ਹੀ, ਗੁਰੂ ਦਾ ਸੇਵਕ ਬਣ ਕੇ, ਉਸ ਅਨੁਸਾਰੀ ਹੋ ਕੇ, ਖੋਤਰ ਕੇ, ਭਾਵ, ਮਿਹਨਤ ਕਰਕੇ ਟੋਲ ਲੈਂਦਾ ਹੈ - 'ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥' ਪੰਜਵੇਂ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਜਿਸਨੂੰ ਉਹ ਆਪ, ਮਾਇਆ ਦੀ ਨੀਂਦਰ ਤੋਂ ਜਗਾ ਕੇ, ਇਹ, ਸਹਜ ਕਥਾ ਦਾ ਰਸ ਚਖਾਉਂਦਾ ਹੈ, ਇਸ ਅਕੱਥ ਕਥਾ (ਪ੍ਰਭੂ ਦੇ ਅਸਲ ਗੁਣਾਂ) ਨੂੰ ਉਹੀ ਜਾਣ ਸਕਿਆ ਹੈ - 'ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ॥' ਪੰਜਵੇਂ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਕੋਈ ਵਿਰਲਾ ਹੀ, ਗੁਰੂ ਦੀ ਕਿਰਪਾ ਪ੍ਰਾਪਤ ਕਰਕੇ, ਵਾਹਿਗੁਰੂ ਦੇ ਸਾਖ਼ਸ਼ਾਤ ਵੇਖੇ ਜੱਸ ਦੇ ਬਿਆਨ ਦੀ ਬਾਣੀ, ਵਾਰਤਾ, ਸਹਜ ਕਥਾ, ਨਾਮ ਦਾ ਬਖਾਨ, ਕਰ ਸਕਦਾ ਹੈ - 'ਸਫਲ ਸੁ ਬਾਣੀ ਜਿਤੁ ਨਾਮੁ ਵਖਾਣੀ॥ ਗੁਰ ਪਰਸਾਦਿ ਕਿਨੈ ਵਿਰਲੈ ਜਾਣੀ॥' ਪੰਨਾ ੧੦੩. ਗੁਰਬਾਣੀ ਵਿਚ ਇਨ੍ਹਾਂ ਮੰਡਲਾਂ ਦੇ ਬਾਰੇ, ਹੋਰ ਵੀ, ਅਨੇਕ ਥਾਈਂ, ਸੰਕੇਤ ਆਏ ਹਨ ਜੋ ਅਤਿਅੰਤ ਗੂੜ੍ਹ ਅਤੇ ਰਹੱਸਮਈ ਹਨ।

-- ਪੰਜਵੇਂ ਨਾਨਕ ਫ਼ੁਰਮਾਣ ਕਰਦੇ ਹਨ ਕਿ ਮੈਂ ਤਾਂ ਸਿਰਫ਼ ਇਕੋ ਹੀ ਕੰਮ ਕਰਨ ਯੋਗ ਸਮਝਿਆ ਅਤੇ ਕੀਤਾ ਹੈ, ਉਹ ਹੈ 'ਹਰਿ ਹਰਿ...', ਭਾਵ, '**ਵਾਹਿਗੁਰੂ ਵਾਹਿਗੁਰੂ...**' ਦੀ ਧੁਨੀ ਲਗਾਉਣਾ। ਉਸਦੇ ਰਹੱਸਮਈ ਗੁਣ ਬਖਾਨ ਕਰਨੇ ਇਤਨੇ ਸੁਆਦਲੇ ਹਨ ਕਿ ਮੁਖੋਂ **ਵਾਹ ਵਾਹ** ਦੀ ਧੁਨੀ, ਆਪ ਮੁਹਾਰੀ ਫੁਟ ਪੈਂਦੀ ਹੈ। ਭਗਤ ਕਬੀਰ ਜੀ ਦਾ ਮਨ ਇੰਞ ਗਾ ਉਠਦਾ ਹੈ - 'ਵਾਹੁ ਵਾਹੁ ਕਿਆ ਖੂਬੁ ਗਾਵਤਾ ਹੈ॥ ਹਰਿ ਕਾ ਨਾਮੁ ਮੇਰੈ ਮਨਿ ਭਾਵਤਾ ਹੈ॥'

ਇਸ ਲਈ ਪੰਚਮ ਪਾਤਸ਼ਾਹ ਵੀ ਉਪਦੇਸ਼ ਕਰਦੇ ਹਨ ਕਿ ਉਹ ਪ੍ਰਭੂ ਬੇਪਰਵਾਹ ਤੇ ਬੇ-ਮੁਹਤਾਜ ਹੈ ਇਸ ਲਈ ਉਸ ਨੂੰ '**ਵਾਹ ਵਾਹ**' ਕਹੋ - 'ਵੇਮੁਹਤਾਜਾ ਵੇਪਰਵਾਹੁ॥ ਨਾਨਕ ਦਾਸ ਕਹਹੁ **ਗੁਰ ਵਾਹੁ**॥'

ਵਾਹਗੁਰੂ ਵਾਹਗੁਰੂ ਵਾਹਗੁਰੂ.....................